ਅੱਤਵਾਦ ਵਿਰੋਧੀ ਭਾਰਤ-ਇੰਡੋਨੇਸ਼ੀਆ ਸੰਯੁਕਤ ਕਾਰਜ ਸਮੂਹ ਦੀ 7ਵੀਂ ਬੈਠਕ

ਅੱਤਵਾਦ ਵਿਰੋਧੀ ਭਾਰਤ-ਇੰਡੋਨੇਸ਼ੀਆ ਸੰਯੁਕਤ ਕਾਰਜ ਸਮੂਹ ਦੀ 7ਵੀਂ ਬੈਠਕ 12 ਨਵੰਬਰ 2026 ਨੂੰ ਨਵੀਂ ਦਿੱਲੀ ਵਿੱਚ ਕਰਵਾਈ ਗਈ ਸੀ। ਇਸ ਬੈਠਕ ਦੀ ਸਹਿ-ਪ੍ਰਧਾਨਗੀ ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਵਧੀਕ ਸਕੱਤਰ (ਅੱਤਵਾਦ ਵਿਰੋਧੀ) ਡਾ. ਸੁਹੇਲ ਅਜਜ਼ ਖਾਨ ਅਤੇ ਇੰਡੋਨੇਸ਼ੀਆ ਗਣਰਾਜ ਦੀ ਰਾਸ਼ਟਰੀ ਅੱਤਵਾਦ ਵਿਰੋਧੀ ਏਜੰਸੀ (ਬੀਐਨਪੀਟੀ) ਦੇ ਅੰਤਰਰਾਸ਼ਟਰੀ ਸਹਿਯੋਗ ਦੇ ਡਿਪਟੀ ਸ਼੍ਰੀ ਡਿਓਨੀਸ਼ੀਅਸ ਐਲਵਾਨ ਸਵਾਸੋਨੋ ਨੇ ਕੀਤੀ। ਬੈਠਕ ਵਿੱਚ ਦੋਵਾਂ ਧਿਰਾਂ ਦੇ ਸੰਬੰਧਿਤ ਵਿਭਾਗਾਂ ਅਤੇ ਏਜੰਸੀਆਂ ਦੇ ਪ੍ਰਤੀਨਿਧੀਆਂ ਨੇ ਵੀ ਹਿੱਸਾ ਲਿਆ।

2. ਰਣਨੀਤਕ ਭਾਈਵਾਲਾਂ ਦੇ ਰੂਪ ਵਿੱਚ, ਦੋਵੇਂ ਧਿਰਾਂ ਨੇ ਅੱਤਵਾਦ ਨੂੰ ਰੋਕਣ ਅਤੇ ਇਸ ਦਾ ਮੁਕਾਬਲਾ ਕਰਨ ਵਿੱਚ ਦੁਵੱਲੇ ਸਹਿਯੋਗ ਦੇ ਮਹੱਤਵ 'ਤੇ ਜ਼ੋਰ ਦਿੱਤਾ। ਦੋਵੇਂ ਧਿਰਾਂ ਨੇ ਅੱਤਵਾਦ ਦੇ ਸਾਰੇ ਰੂਪਾਂ ਦੀ ਸਪੱਸ਼ਟ ਅਤੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਅਤੇ ਅੱਤਵਾਦ ਪ੍ਰਤੀ ਜ਼ੀਰੋ ਸਹਿਣਸ਼ੀਲਤਾ ਨੀਤੀ ਦੀ ਪੁਸ਼ਟੀ ਕੀਤੀ। ਦੋਵੇਂ ਧਿਰਾਂ ਨੇ ਵਿਆਪਕ ਅਤੇ ਨਿਰੰਤਰ ਢੰਗ ਨਾਲ ਅੱਤਵਾਦ ਦਾ ਮੁਕਾਬਲਾ ਕਰਨ ਲਈ ਨਿਰਣਾਇਕ ਅਤੇ ਠੋਸ ਅੰਤਰਰਾਸ਼ਟਰੀ ਯਤਨਾਂ ਦਾ ਵੀ ਸੱਦਾ ਦਿੱਤਾ।

3. ਦੋਵਾਂ ਧਿਰਾਂ ਨੇ ਘਰੇਲੂ, ਖੇਤਰੀ ਅਤੇ ਵਿਸ਼ਵ ਪੱਧਰ 'ਤੇ ਅੱਤਵਾਦ ਅਤੇ ਸਰਹੱਦ ਪਾਰੋਂ ਅੱਤਵਾਦ ਸਮੇਤ ਖਤਰੇ ਦੇ ਮੁਲਾਂਕਣ ਬਾਰੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ। ਉਨ੍ਹਾਂ ਨੇ ਅੱਤਵਾਦ ਵਿਰੋਧੀ ਮੌਜੂਦਾ ਅਤੇ ਉੱਭਰ ਰਹੀਆਂ ਚੁਣੌਤੀਆਂ ਬਾਰੇ ਚਰਚਾ ਕੀਤੀ, ਜਿਸ ਵਿੱਚ ਅੱਤਵਾਦ ਲਈ ਕੱਟੜਵਾਦ ਅਤੇ ਹਿੰਸਕ ਅਤਿਵਾਦ ਦਾ ਮੁਕਾਬਲਾ ਕਰਨਾ, ਅੱਤਵਾਦ ਲਈ ਹੋਣ ਵਾਲੀ ਵਿੱਤੀ ਮਦਦ ਨੂੰ ਰੋਕਣਾ, ਅੱਤਵਾਦੀ ਉਦੇਸ਼ਾਂ ਲਈ ਇੰਟਰਨੈੱਟ ਅਤੇ ਨਵੀਆਂ ਉੱਭਰ ਰਹੀਆਂ ਤਕਨੀਕਾਂ ਦੀ ਦੁਰਵਰਤੋਂ, ਅਤੇ ਸੰਗਠਿਤ ਅਪਰਾਧ ਤੇ ਅੱਤਵਾਦ ਵਿਚਕਾਰ ਗੱਠਜੋੜ ਵਰਗੇ ਮੁੱਦੇ ਸ਼ਾਮਲ ਸਨ।

4. ਦੋਵਾਂ ਧਿਰਾਂ ਨੇ ਅੱਤਵਾਦ ਦਾ ਮੁਕਾਬਲਾ ਕਰਨ ਲਈ ਅੰਤਰਰਾਸ਼ਟਰੀ ਸਹਿਯੋਗ ਨੂੰ ਵਿਆਪਕ ਅਤੇ ਨਿਰੰਤਰ ਢੰਗ ਨਾਲ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਵਿਸ਼ਵ ਪੱਧਰੀ ਅੱਤਵਾਦ ਦਾ ਪ੍ਰਭਾਵਸ਼ਾਲੀ ਢੰਗ ਨਾਲ ਮੁਕਾਬਲਾ ਕਰਨ ਲਈ ਸੰਯੁਕਤ ਰਾਸ਼ਟਰ, ਆਸੀਆਨ, ਬੀਆਰਆਈਸੀਐਸ ਅਤੇ ਐਫਏਟੀਐਫ ਸਮੇਤ ਬਹੁਪੱਖੀ ਮੰਚਾਂ 'ਤੇ ਸਹਿਯੋਗ ਨੂੰ ਮਜ਼ਬੂਤ ਕਰਨ ਪ੍ਰਤੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ।

5. ਅੱਤਵਾਦ ਵਿਰੋਧੀ ਸਹਿਯੋਗ ਭਾਰਤ-ਇੰਡੋਨੇਸ਼ੀਆ ਵਿਆਪਕ ਰਣਨੀਤਿਕ ਸਾਂਝੇਦਾਰੀ ਦਾ ਇੱਕ ਅਹਿਮ ਪਹਿਲੂ ਬਣਿਆ ਹੋਇਆ ਹੈ।

6. ਇੰਡੋਨੇਸ਼ੀਆਈ ਵਫ਼ਦ ਦੁਵੱਲੇ ਸਮਰੱਥਾ ਨਿਰਮਾਣ ਉਪਾਵਾਂ ਦੇ ਢੰਗ-ਤਰੀਕਿਆਂ 'ਤੇ ਚਰਚਾ ਕਰਨ ਲਈ 13 ਨਵੰਬਰ 2026 ਨੂੰ ਰਾਸ਼ਟਰੀ ਸੁਰੱਖਿਆ ਗਾਰਡ (ਐਨਐਸਜੀ) ਦੇ ਮੁੱਖ ਦਫਤਰ ਦਾ ਵੀ ਦੌਰਾ ਕਰੇਗਾ।

7. ਦੋਵੇਂ ਧਿਰਾਂ ਨੇ ਅੱਤਵਾਦ ਵਿਰੋਧੀ ਸੰਯੁਕਤ ਕਾਰਜ ਸਮੂਹ ਦੀ ਅਗਲੀ ਬੈਠਕ ਨੂੰ ਆਪਸੀ ਸੁਵਿਧਾਜਨਕ ਤਾਰੀਖ 'ਤੇ ਕਰਵਾਉਣ ਲਈ ਸਹਿਮਤੀ ਪ੍ਰਗਟਾਈ।

ਨਵੀਂ ਦਿੱਲੀ

12 ਨਵੰਬਰ, 2026